## ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ),
ਪੰਜਾਬ।

ਮੀਮੋ ਨੰ: ਸਸਅ/ਐਮਸੀ/2014/ ੨੦੧੫।331
ਮਿਤੀ: ੨੨-੦੮-੨੦੧੪

**ਵਿਸ਼ਾ:-** **ਚੌਥੀ ਤੋਂ ਅਠੱਵੀਂ ਜਮਾਤ ਦੇ ਸੰਕਲਿਤ ਮੁਲਾਂਕਣ (SA-1) / ਨੌਵੀਂ ਤੋਂ ਬਾਰ੍ਹਵੀਂ ਜਮਾਤ ਦੀ ਸਤੰਬਰ, 2014 ਪ੍ਰੀਖਿਆ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਤੰਬਰ, ਮਹੀਨੇ ਵਿੱਚ ਚੌਥੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਦਾ ਸੰਕਲਿਤ ਮੁਲਾਂਕਣ (SA-I) ਹੋਣਾ ਹੈ ਅਤੇ ਇਸੇ ਤਰ੍ਹਾਂ ਨੌਵੀਂ ਤੋਂ ਬਾਰ੍ਹਵੀਂ ਜਮਾਤ ਲਈ ਸਤੰਬਰ ਪ੍ਰੀਖਿਆ ਹੋਣੀ ਹੈ। ਇਸ ਨੂੰ ਮੱਦੇਨਜ਼ਰ ਰੱਖਦਿਆਂ ਹੋਇਆ ਕਿ ਵਿਦਿਆਰਥੀ ਇਸ ਮੁਲਾਂਕਣ/ਪ੍ਰੀਖਿਆ ਪ੍ਰਤੀ ਪੂਰਨ ਰੂਪ ਵਿੱਚ ਦੁਹਰਾਈ ਕਰ ਸਕਣ ਅਤੇ ਇਸ ਮੁਲਾਂਕਣ/ਪ੍ਰੀਖਿਆ ਪ੍ਰਤੀ ਸੰਜੀਦਾ ਹੋ ਜਾਣ, ਇਸ ਲਈ ਚੌਥੀ ਤੋਂ ਦਸਵੀਂ ਜਮਾਤ ਤੱਕ ਦੀ ਸਮਾਂ ਸਾਰਨੀਂ ਜਾਰੀ ਕੀਤੀ ਜਾ ਰਹੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ।

**ਸੰਕਲਿਤ ਮੁਲਾਂਕਣ (SA-I) / ਨੌਵੀਂ ਅਤੇ ਦਸਵੀਂ ਦੀ ਸਤੰਬਰ,2014 ਪ੍ਰੀਖਿਆ ਲਈ ਸਮਾਂ ਸਾਰਨੀਂ**

| ਲੜੀ ਨੰ. | ਮਿਤੀ | ਦਿਨ | ਦਸਵੀਂ | ਨੌਵੀਂ | ਅੱਠਵੀਂ | ਸੱਤਵੀਂ | ਛੇਵੀਂ | ਪੰਜਵੀਂ | ਚੌਥੀ |
|---|---|---|---|---|---|---|---|---|---|
| 1 | 15.09.2014 | ਸੋਮਵਾਰ | ਸਾਇੰਸ | ਗਣਿਤ | ਅੰਗਰੇਜ਼ੀ | ਗਣਿਤ | ਪੰਜਾਬੀ | -- | -- |
| 2 | 16.09.2014 | ਮੰਗਲਵਾਰ | ਹਿੰਦੀ | ਪੰਜਾਬੀ ਏ | ਸਮਾਜਿਕ ਸਿੱਖਿਆ | ਹਿੰਦੀ | ਸਾਇੰਸ | ਅੰਗਰੇਜ਼ੀ | ਗਣਿਤ |
| 3 | 17.09.2014 | ਬੁੱਧਵਾਰ | ਪੰਜਾਬੀ ਏ | ਪੰਜਾਬੀ ਬੀ | ਕੰਪਿਊਟਰ | ਪੰਜਾਬੀ | ਸਮਾਜਿਕ ਸਿੱਖਿਆ | -- | -- |
| 4 | 18.09.2014 | ਵੀਰਵਾਰ | ਪੰਜਾਬੀ ਬੀ | ਹਿੰਦੀ | ਗਣਿਤ | ਕੰਪਿਊਟਰ | ਸਰੀਰਿਕ ਸਿੱਖਿਆ | ਪੰਜਾਬੀ | ਹਿੰਦੀ |
| 5 | 19.09.2014 | ਸ਼ੁੱਕਰਵਾਰ | ਚੋਣਵਾ ਵਿਸ਼ਾ | ਸਰੀਰਿਕ ਸਿੱਖਿਆ | ਚੋਣਵਾਂ ਵਿਸ਼ਾ | ਸਾਇੰਸ | ਅੰਗਰੇਜ਼ੀ | -- | -- |
| 6 | 20.09.2014 | ਸ਼ਨੀਵਾਰ | ਸਮਾਜਿਕ ਸਿੱਖਿਆ | ਸਾਇੰਸ | ਪੰਜਾਬੀ | ਸਰੀਰਿਕ ਸਿੱਖਿਆ | ਚੋਣਵਾਂ ਵਿਸ਼ਾ | ਗਣਿਤ | ਅੰਗਰੇਜ਼ੀ |
| 7 | 22.09.2014 | ਸੋਮਵਾਰ | ਗਣਿਤ | ਅੰਗਰੇਜ਼ੀ | ਸਾਇੰਸ | ਸਮਾਜਿਕ ਸਿੱਖਿਆ | ਗਣਿਤ | ਵਾਤਾਵਰਨ ਸਿੱਖਿਆ | ਵਾਤਾਵਰਨ ਸਿੱਖਿਆ |
| 8 | 23.09.2014 | ਮੰਗਵਾਰ | ਕੰਪਿਊਟਰ | ਚੋਣਵਾ ਵਿਸ਼ਾ | ਸਰੀਰਿਕ ਸਿੱਖਿਆ | ਚੋਣਵਾ ਵਿਸ਼ਾ | ਹਿੰਦੀ | ਹਿੰਦੀ | ਪੰਜਾਬੀ |
| 9 | 24.09.2014 | ਬੁੱਧਵਾਰ | ਅੰਗਰੇਜ਼ੀ | ਸਮਾਜਿਕ ਸਿੱਖਿਆ | ਹਿੰਦੀ | ਅੰਗਰੇਜ਼ੀ | ਕੰਪਿਊਟਰ | -- | -- |
| 10 | 26.09.2014 | ਸ਼ੁੱਕਰਵਾਰ | ਸਰੀਰਿਕ ਸਿੱਖਿਆ | ਕੰਪਿਊਟਰ | -- | -- | -- | -- | -- |

ਜਿਸ ਦਾ ਸਮਾਂ ਸਵੇਰੇ 8:30 ਵਜੇ ਤੋਂ ਦੁਪਹਿਰ 11:30 ਵਜੇ ਤੱਕ ਰਹੇਗਾ, ਪ੍ਰਾਇਮਰੀ ਸਕੂਲਾਂ ਵਿੱਚ ਮੁਲਾਂਕਣ ਦਾ ਸਮਾਂ ਸਵੇਰੇ 8:30 ਵਜੇ ਤੋਂ 10:30 ਵਜੇ ਤੱਕ ਰਹੇਗਾ, ਮੁਲਾਂਕਣ/ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਵਿਦਿਆਰਥੀ ਆਪਣੀਆਂ ਜਮਾਤਾਂ ਵਿੱਚ ਹੀ ਰਹਿਣਗੇ ਅਤੇ ਅਧਿਆਪਕ ਸਮਾਂ ਸਾਰਨੀ ਅਨੁਸਾਰ ਉਨ੍ਹਾਂ ਦੀ ਦੁਹਰਾਈ ਕਰਾਉਣਗੇ।

3.0 ਚੌਥੀ ਤੋਂ ਪੰਜਵੀਂ ਜਮਾਤ ਦੇ SA-I (ਸਤੰਬਰ,2014) ਪੰਜ ਵਿਸ਼ਿਆਂ ਅੰਗਰੇਜ਼ੀ, ਹਿੰਦੀ, ਗਣਿਤ, ਵਾਤਾਵਰਨ ਸਿੱਖਿਆ ਅਤੇ ਪੰਜਾਬੀ ਦੇ ਮੁਲਾਂਕਣ ਟੂਲਜ਼ / ਸੈਂਪਲ ਪੇਪਰ ਮੁੱਖ ਦਫ਼ਤਰ ਵੱਲੋਂ SSA ਦੀ ਵੈਬਸਾਈਟ ਤੇ ਪਾ ਦਿੱਤੇ ਜਾਣਗੇ। ਸਬੰਧਤ ਅਧਿਆਪਕ ਇਹਨਾਂ ਸੈਪਲ ਪੇਪਰਾਂ ਦੇ ਆਧਾਰ ਤੇ ਉਪਰੋਕਤ ਦਿੱਤੀ ਸਮਾਂ ਸਾਰਨੀ ਅਨੁਸਾਰ ਵਿਦਿਆਰਥੀਆਂ ਦਾ ਮੁਲਾਂਕਣ ਕਰਨਗੇ।

4.0 ਛੇਵੀਂ ਤੋਂ ਅੱਠਵੀਂ ਜਮਾਤ ਲਈ ਮੁੱਖ ਦਫ਼ਤਰ ਵੱਲੋਂ ਛੇ ਵਿਸ਼ਿਆਂ ਹਿੰਦੀ, ਅੰਗਰੇਜ਼ੀ, ਸਮਾਜਿਕ ਸਿੱਖਿਆ, ਗਣਿਤ, ਸਾਇੰਸ ਅਤੇ ਪੰਜਾਬੀ ਦੇ ਮੁਲਾਂਕਣ ਟੂਲਜ਼/ਪੇਪਰ ਦੇ ਸੈਂਪਲਜ਼ ਮੁੱਖ ਦਫ਼ਤਰ ਵੱਲੋਂ ਸਰਵ ਸਿੱਖਿਆ ਅਭਿਆਨ ਦੀ ਵੈੱਬਸਾਈਟ ਤੇ ਅਪਲੋਡ ਕਰ ਦਿੱਤੇ ਗਏ ਹਨ। ਨੌਵੀਂ ਅਤੇ ਦਸਵੀਂ ਜਮਾਤ ਦੇ ਛੇ ਵਿਸ਼ਿਆਂ ਦੇ ਸੈਂਪਲ ਪੇਪਰ ਵੀ ਸਰਵ ਸਿੱਖਿਆ ਅਭਿਆਨ ਦੀ ਵੈੱਬਸਾਈਟ ਤੇ ਪਾਏ ਜਾਣਗੇ।ਸਾਰੇ ਵਿਸ਼ਾ ਅਧਿਆਪਕ ਆਪਣੇ ਵਿਸ਼ੇ ਦੇ SA-I ਦੇ ਮੁਲਾਂਕਣ ਟੂਲਜ਼/ਪੇਪਰ, ਸੈਪਲ ਪੇਪਰਾਂ ਦੇ ਨਮੂਨੇ ਤੇ ਤਿਆਰ ਕਰਨਗੇ।

5.0 ਕੰਪਿਊਟਰ ਅਧਿਆਪਕ ਆਪਣੇ ਵਿਸ਼ੇ ਦੇ ਮੁਲਾਂਕਣ ਟੂਲਜ਼/ਪੇਪਰ ਆਪਣੇ ਪੱਧਰ ਤੇ ਤਿਆਰ ਕਰਨਗੇ। ਜਿਸ ਦਾ ਸਮਾਂ ਦੋ ਘੰਟੇ ਹੋਵੇਗਾ। ਕੁੱਲ ਅੰਕ 90 ਰੱਖੇ ਜਾਣ ਜਿਸ ਵਿੱਚੋਂ ਲਿਖਤੀ ਮੁਲਾਂਕਣ 50 ਅੰਕਾਂ ਦਾ ਅਤੇ ਪ੍ਰੈਕਟੀਕਲ ਮੁਲਾਂਕਣ 40 ਅੰਕਾਂ ਦਾ ਹੋਵੇਗਾ। ਪ੍ਰੈਕਟੀਕਲ ਮੁਲਾਂਕਣ ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

6.0 ਸਾਇੰਸ/ਗਣਿਤ/ਸਰੀਰਿਕ ਸਿੱਖਿਆ/ਚੋਣਵੇਂ ਵਿਸ਼ੇ ਦੇ ਪ੍ਰੈਕਟੀਕਲ ਵੀ ਸੰਬੰਧਤ ਅਧਿਆਪਕ ਵੱਲੋਂ ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣ।

7.0 ਗਿਆਰਵੀਂ, ਬਾਰ੍ਹਵੀਂ ਦੇ ਵਿਦਿਆਰਥੀਆਂ ਲਈ ਸਮਾਂ ਸਾਰਨੀ ਜਾਰੀ ਕਰਨ ਲੱਗਿਆ ਸਕੂਲ ਮੁੱਖੀ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹਨਾਂ ਜਮਾਤਾਂ ਦਾ ਲਿਖਤੀ ਮੁਲਾਂਕਣ ਵੀ ਸਤੰਬਰ 15, 2014 ਤੋਂ ਸ਼ੁਰੂ ਕੀਤਾ ਜਾਵੇ ਤਾਂ ਜੋ ਸਾਰੇ ਸਕੂਲ ਵਿੱਚ ਮੁਲਾਂਕਣ ਦਾ ਸਮਾਂ ਇਕਸਾਰ ਰਹੇ। ਇਸ ਤੋਂ ਇਲਾਵਾ ਜਿਹਨਾਂ ਵਿਸ਼ਿਆਂ ਦਾ ਪ੍ਰਯੋਗੀ ਮੁਲਾਂਕਣ ਹੋਣਾ ਹੈ, ਉਹ ਲਿਖਤੀ ਪ੍ਰੀਖਿਆ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣ।

8.0 ਸਕੂਲ ਮੁਖੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਪੇ-ਅਧਿਆਪਕ ਮਿਲਣੀ (PTM) 30 ਸਤੰਬਰ,2014 ਨੂੰ ਲਾਜ਼ਮੀ ਤੌਰ ਤੇ ਆਯੋਜਿਤ ਕਰਵਾਉਣਾ ਯਕੀਨੀ ਬਣਾਉਣ ਤਾਂ ਜੋ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਸਾਂਝੀ ਕੀਤੀ ਜਾ ਸਕੇ ਅਤੇ ਵਿਦਿਆਰਥੀ ਦੇ ਭਵਿੱਖ ਲਈ ਸਕਾਰਾਤਮਕ ਸਿੱਟੇ ਨਿਕਲ ਸਕਣ।

9.0 ਸਮੂਹ ਸਕੂਲ ਮੁੱਖੀ ਜਮਾਤ ਇੰਚਾਰਜ ਦੁਆਰਾ ਉੱਕਤ ਸਮਾਂ ਸਾਰਣੀ ਨੂੰ ਵਿਦਿਆਰਥੀਆਂ ਦੀ ਕਾਪੀ ਤੇ ਨੋਟ ਕਰਵਾਉਣ ਅਤੇ ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਦੁਹਰਾਈ ਕਰਵਾਉਣ ।

10.0 ਉੱਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਮਿਤੀ: 19.08.2014

ਜੀ.ਕੇ.ਸਿੰਘ, ਆਈ.ਏ.ਐਸ.
ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

ਪਿੱਠ ਅੰਕਣ ਨੰ. ਸਸਅ/ਐਮਸੀ/2014/ ਉਕੱਤ ਮਿਤੀ ੨੨-੦੮-੨੦੧੪

ਉਪਰੋਕਤ ਦਾ ਉਤਾਰਾ ਡੀ.ਐਮ. (ਐਮ.ਆਈ.ਐਸ.) ਨੂੰ ਵੈਬਸਾਈਟ ਤੇ ਪਾਉਣ ਲਈ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ